# ਜਰੂਰੀ ਹਦਾਇਤਾਂ

## ਸ਼ੈਸ਼ਨ 2017-2018 ਜ਼ੋਨਲ ਅਤੇ ਜ਼ਿਲ੍ਹਾ ਪੱਧਰ ਖੇਡਾਂ ਸਬੰਧੀ

1. ਓਪਨ ਸਕੂਲ ਦਾ ਕੋਈ ਵੀ ਵਿਦਿਆਰਥੀ ਕਿਸੇ ਵੀ ਖੇਡ ਵਿਚ ਹਿੱਸਾ ਨਹੀਂ ਲੈ ਸਕਦਾ।
2. ਅਧਾਰ ਕਾਰਡ ਦੀ ਕਾਪੀ ਜੋਨ ਪੱਧਰ ਤੇ ਫਾਰਮ ਨਾਲ ਨੱਥੀ ਕੀਤੀ ਜਾਵੇ।
3. ਕੋਈ ਵੀ ਵਿਦਿਆਰਥੀ ਇੱਕ ਸਾਲ ਵਿੱਚ ਸਿਰਫ਼ ਇੱਕ ਖੇਡ (ਅਥਲੈਟਿਕਸ ਤੋਂ ਬਿਨਾਂ) ਵਿੱਚ ਹੀ ਹਿੱਸਾ ਲੈ ਸਕਦਾ ਹੈ।
4. ਸਰਕਾਰ ਦੁਆਰਾ ਨਿਸਚਿਤ ਰੇਟਾਂ/ਨਿਯਮਾਂ ਅਨੁਸਾਰ ਜਿਸ ਸਕੂਲ ਨੇ ਸਪੋਰਟਸ ਫੰਡ ਜਮਾਂ ਨਹੀਂ ਕਰਵਾਇਆ,ਉਸ ਨੂੰ ਖੇਡਣ ਦੀ ਆਗਿਆ ਨਹੀਂ ਹੋਵੇਗੀ।
5. ਪ੍ਰਾਈਵੇਟ ਸਕੂਲਾ ਦੀ ਟੂਰਨਾਮੈਂਟ ਫੀਸ ਰ: 5000 ਹੋਵੇਗੀ ਅਤੇ ਸਰਕਾਰੀ/ਏਡਡ ਸਕੂਲ ਅਮਲਗਾਮੇਟਿਡ ਦਾ 2% ਹਿਸਾ ਮੀਟਿੰਗ ਵਾਲੇ ਦਿਨ ਹਰ ਹਾਲਤ ਜੋਨ ਕਨਵੀਨਰ ਪਾਸ ਜਮਾਂ ਕਰਵਾਉਣਗੇ।
6. ਪ੍ਰਾਇਮਰੀ ਸਕੂਲ ਦਾ ਵਿਦਿਆਰਥੀ ਸਿਰਫ਼ **ਅੰ-11** ਉਮਰ ਗਰੁੱਪ ਵਿਚ ਹੀ ਭਾਗ ਲੈ ਸਕਦਾ ਹੈ। ਇਸ ਤੋਂ ਬਿਨ੍ਹਾ ਵਿਦਿਆਰਥੀ ਕਿਸੇ ਵੀ ਹੋਰ ਉਮਰ-ਗਰੁੱਪ ਵਿਚ ਭਾਗ ਨਹੀ ਲੈ ਸਕਦਾ।
7. ਸਿੱਧਾ ਜ਼ਿਲ੍ਹਾ ਪੱਧਰ ਤੇ ਕਰਵਾਈਆਂ ਜਾਣ ਵਾਲੀਆਂ ਖੇਡਾਂ ਵਿੱਚ ਇੱਕ ਭਾਰ/ਈਵੈਂਟ ਵਿੱਚ ਇੱਕ ਸਕੂਲ ਦਾ ਇੱਕ ਖਿਡਾਰੀ ਹੀ ਭਾਗ ਲੈ ਸਕੇਗਾ।
8. ਸਿੱਧਾ ਜ਼ਿਲ੍ਹਾ ਪੱਧਰ ਤੇ ਕਰਵਾਈਆ ਜਾਣ ਵਾਲੀਆਂ ਖੇਡਾਂ ਵਿੱਚ ਵਿਅਕਤੀਗਤ ਤੌਰ ਤੇ ਸੱਤ ਖਿਡਾਰੀਆਂ ਤੋਂ ਘੱਟ ਅਤੇ ਟੀਮ ਗੇਮ ਵਿਚ 10 ਟੀਮਾਂ ਤੋਂ ਘੱਟ ਹੋਵੇਗੀ ਤਾਂ ਖਿਡਾਰੀਆਂ ਦੀ ਚੋਣ ਟਰਾਇਲ ਦੇ ਆਧਾਰ ਤੇ ਕੀਤੀ ਜਾਵੇਗੀ।
9. ਅਥਲੈਟਿਕਸ ਵਿੱਚ ਰਿਲੇਅ ਟੀਮ ਲਈ ਰਿਜ਼ਰਵ ਖਿਡਾਰੀ ਨੂੰ ਸਰਟੀਫਿਕੇਟ ਜਾਰੀ ਨਹੀਂ ਕੀਤਾ ਜਾਵੇਗਾ।

   ਸਾਲ 2017-18 ਲਈ ਖਿਡਾਰੀਆਂ ਦੀ ਉਮਰ ਯੋਗਤਾ ਹੇਠ ਲਿਖੇ ਅਨੁਸਾਰ ਹੈ:-
   ਅੰ-11 ਸਾਲ ਲਈ 1-1-2007 ਨੂੰ ਜਾਂ ਬਾਅਦ ਜਨਮੇ ਖਿਡਾਰੀ
   ਅੰ-14 ਸਾਲ ਲਈ 1-1-2004 ਨੂੰ ਜਾਂ ਬਾਅਦ ਜਨਮੇ ਖਿਡਾਰੀ
   ਅੰ-17 ਸਾਲ ਲਈ 1-1-2001 ਨੂੰ ਜਾਂ ਬਾਅਦ ਜਨਮੇ ਖਿਡਾਰੀ
   ਅੰ-19 ਸਾਲ ਲਈ 1-1-1999 ਨੂੰ ਜਾਂ ਬਾਅਦ ਜਨਮੇ ਖਿਡਾਰੀ।

10. ਸਾਲ 2016-17 ਦੇ ਸਪੋਰਟਸ ਫੰਡ ਦੀ ਜਮਾਂ ਰਸੀਦ/ ਡੀ.ਡੀ. ਦੀ ਫੋਟੋ ਕਾਪੀ ਟੂਰਨਾਮੈਂਟ ਵਾਲੇ ਦਿਨ ਖੇਡਣ ਯੋਗਤਾ ਫਾਰਮਾਂ ਨਾਲ ਜਮਾਂ ਕਰਵਾਈ ਜਾਵੇ।
11. ਖੇਡਣ ਯੋਗਤਾ ਫਾਰਮ ਦੀ ਦੋ ਕਾਪੀਆਂ ਤਿਆਰ ਕਰਕੇ ਜ਼ੋਨਲ ਪੱਧਰ ਦੇ ਟੂਰਨਾਮੈਂਟ ਤੇ ਲਿਆਂਦੀ ਜਾਵੇ ਅਤੇ ਨਾਲ ਜਨਮ ਤਰੀਕ ਦੇ ਸਬੂਤ ਦੀ ਤਸਦੀਕਸ਼ੁਦਾ ਕਾਪੀ ਲਗਾਈ

ਜਾਵੇ।ਜਨਮ ਤਰੀਕ ਦਾ ਸਬੂਤ ਕਾਰਪੋਰੇਸ਼ਨ/ਨਗਰ ਕੌਂਸਲ ਵਲੋਂ ਜਾਰੀ ਕੀਤਾ ਹੀ ਮੰਨਿਆ ਜਾਵੇਗਾ।

12. ਲੜਕੀਆਂ ਦੀਆਂ ਟੀਮਾਂ ਦੇ ਨਾਲ ਇਸਤਰੀ ਅਧਿਆਪਕ ਨੂੰ ਭੇਜਣਾ ਯਕੀਨੀ ਬਣਾਇਆ ਜਾਵੇ।
13. ਕਿਸੇ ਵੀ ਰੈਜੀਡੈਂਸ਼ੀਅਲ ਖੇਡ ਵਿੰਗ ਦਾ ਖਿਡਾਰੀ ਜ਼ੋਨਲ ਅਤੇ ਜ਼ਿਲ੍ਹਾ ਪੱਧਰ ਦੇ ਟੂਰਨਾਮੈਂਟ ਵਿੱਚ ਹਿੱਸਾ ਨਹੀਂ ਲੈ ਸਕਦਾ।
14. ਇੱਕ ਵਿਦਿਆਰਥੀ ਦੀ ਠਹਿਰ ਇੱਕ ਕਲਾਸ ਵਿੱਚ ਦੋ ਸਾਲ ਤੋਂ ਵੱਧ ਨਹੀ ਹੋਣੀ ਚਾਹੀਦੀ ਹੈ।**ਖਿਡਾਰੀ ਛੇਵੀਂ ਤੋਂ ਅੱਠਵੀਂ ਤੱਕ 4 ਸਾਲ ਅਤੇ ਨੌਂਵੀ ਤੋਂ ਬਾਰਵੀਂ ਤੱਕ 5 ਸਾਲ** ਖੇਡ ਸਕਦਾ ਹੈ।**(ਵੱਧ ਤੋਂ ਵੱਧ 9 ਸਾਲ)**
15. ਜਿਹੜੇ ਸਕੂਲਾਂ ਦੀਆਂ ਟੀਮਾਂ ਜ਼ਿਲ੍ਹਾ ਪੱਧਰ ਦੇ ਟੂਰਨਾਮੈਂਟ ਵਿੱਚ ਪੁਜੀਸ਼ਨ ਪ੍ਰਾਪਤ ਕਰਨਗੀਆਂ ਉਨ੍ਹਾਂ ਸਕੂਲਾਂ ਦੇ ਸਰੀਰਿਕ ਸਿਖਿਆ ਅਧਿਆਪਕ ਅੰਤਰ ਜ਼ਿਲ੍ਹਾ ਸਕੂਲ ਖੇਡਾਂ ਲਈ ਟੀਮ ਲੈ ਕੇ ਜਾਣ ਲਈ ਪਾਬੰਦ ਹੋਣਗੇ।
16. ਕਿਸੇ ਵੀ ਖਿਡਾਰੀ ਨੂੰ ਖੇਡਣ ਲਈ ਹਾਜਰੀਆਂ 75% ਤੋਂ ਵੱਧ ਹੋਣੀਆਂ ਚਾਹੀਦੀਆਂ ਹਨ।
17. ਸਕੂਲ ਮੁੱਖੀ ਵਲੋਂ ਖਿਡਾਰੀਆਂ ਨੂੰ ਆਉਣ-ਜਾਣ ਦਾ ਕਿਰਾਇਆ ਅਤੇ ਰਿਫਰੈਸ਼ਮੈਂਟ ਲਈ ਰਾਸ਼ੀ ਸਿੱਖਿਆ ਵਿਭਾਗ ਦੀਆਂ ਹਦਾਇਤਾਂ ਮੁਤਾਬਿਕ ਐਡਵਾਂਸ ਦਿੱਤੀ ਜਾਵੇ।
18. **ਖੇਡਣ ਯੋਗਤਾ ਫਾਰਮ ਟਾਈਪ ਕਰਕੇ ਹੀ ਭੇਜੇ ਜਾਣ।ਹੱਥ ਲਿਖਤ ਪ੍ਰੋਫਾਰਮੇ ਸਵੀਕਾਰ ਨਹੀਂ ਕੀਤੇ ਜਾਣਗੇ।**
19. ਜ਼ਿਲ੍ਹਾ ਸਿੱਖਿਆ ਅਫ਼ਸਰ (ਸ),ਲੁਧਿਆਣਾ ਜੀ ਵਲੋ ਦਿੱਤੇ ਆਦੇਸ਼ਾਂ ਅਨੁਸਾਰ ਕਿਸੇ ਵੀ ਸਰੀਰਿਕ ਸਿਖਿਆ ਅਧਿਆਪਕ ਵਲੋ ਗਲਤ ਖਿਡਾਰੀ ਨੂੰ ਖਿਡਾਉਣ ਤੇ ਸਬੰਧਤ ਅਧਿਆਪਕ ਵਿਰੁੱਧ ਕਾਰਵਾਈ ਕੀਤੀ ਜਾਵੇਗੀ।
20. ਸਰੀਰਿਕ ਸਿਖਿਆ ਅਧਿਆਪਕਾ ਦੀ ਸੂਚਨਾ ਸੰਬਧੀ ਨੱਥੀ ਪ੍ਰਫਾਰਮਾ (ਜੋਨ ਵਾਈਜ਼) ਮਿਤੀ 15/07/2017 ਤੱਕ ਜੋਨ ਕਨਵੀਨਰਾ ਨੂੰ ਭੇਜਿਆ ਜਾਵੇ ਅਤੇ ਜੋਨ ਕਨਵੀਨਰ ਇਸ ਪ੍ਰਫਾਰਮੇ ਨੂੰ ਜੋਨਲ ਮੀਟਿੰਗ ਤੋਂ ਪਹਿਲਾਂ ਕਨਸੋਲੀਡੇਟ ਕਰਕੇ ਮੀਟਿੰਗ ਵਿਚ ਹਾਜ਼ਰ ਰੱਖਣਗੇ।

ਉਪਰੋਕਤ ਹਦਾਇਤਾਂ ਦੀ ਇੰਨ-ਬਿੰਨ ਪਾਲਣਾ ਯਕੀਨੀ ਬਣਾਈ ਜਾਵੇ।ਇਸ ਤੋਂ ਇਲਾਵਾ ਸਰਕਾਰ/ਵਿਭਾਗ ਵਲੋਂ ਸਮੇਂ-ਸਮੇਂ ਤੇ ਜਾਰੀ ਕੀਤੀ ਜਾਣ ਵਾਲੀਆਂ ਹਦਾਇਤਾਂ ਵੀ ਲਾਗੂ ਹੋਣਗੀਆਂ।

**(ਬਿਕਰਮਜੀਤ ਭਨੋਟ)**
ਸਹਾਇਕ ਸਿੱਖਿਆ ਅਫ਼ਸਰ (ਖੇਡਾਂ)
ਦਫ਼ਤਰ ਜਿਲ੍ਹਾ ਸਿੱਖਿਆ ਅਫ਼ਸਰ (ਸ)
ਲੁਧਿਆਣਾ